# Bilateral Relations Review Meeting (Virtual) between Hon’ble Minister of External Affairs Dr. S. Jaishankar and H.E. Dato Seri Setia Haji Erywan bin Pehin Datu Pekerma Jaya Haji Mohd. Yusof, Hon’ble Minister of Foreign Affairs-II of Brunei Darussalam

February 18, 2021

---

# ਮਾਨਯੋਗ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਬ੍ਰੂਨੇਈ ਦਾਰੂਸਲਮ ਦੇ ਮਾਨਯੋਗ ਵਿਦੇਸ਼ ਮੰਤਰੀ--2 ਮਹਾਮਹਿਮ ਡੈਟੋ ਸੇਰੀ ਸੇਤੀਆ ਹਾਜੀ ਇਰੀਵਾਨ ਬਿਨ ਪੇਹਿਨਦਤੂਪਕਰਮਾ ਜਯਾ ਹਾਜੀ ਮੁਹੰਮਦ ਯੂਸਫ ਦਰਮਿਆਨ ਦੁਵੱਲੇ ਸੰਬੰਧਾਂ ਦੀ ਸਮੀਖਿਆ ਬਾਰੇ ਮੀਟਿੰਗ (ਵਰਚੁਅਲ)

18 ਫਰਵਰੀ, 2021

1. ਮਾਨਯੋਗ ਵਿਦੇਸ਼ ਮੰਤਰੀ ਡਾ ਐਸ. ਜੈਸ਼ੰਕਰ ਅਤੇ ਅਤੇ ਬ੍ਰੂਨੇਈ ਦਾਰੂਸਲਮ ਦੇ ਮਾਨਯੋਗ ਵਿਦੇਸ਼ ਮੰਤਰੀ--2 ਮਹਾਮਹਿਮ ਡੈਟੋ ਸੇਰੀ ਸੇਤੀਆ ਹਾਜੀ ਇਰੀਵਾਨ ਬਿਨ ਪੇਹਿਨਦਤੂਪਕਰਮਾ ਜਯਾ ਹਾਜੀ ਮੁਹੰਮਦ ਯੂਸਫ ਦਰਮਿਆਨ ਦੁਵੱਲੇ ਸੰਬੰਧਾਂ ਦੀ ਸਮੀਖਿਆ ਬਾਰੇ 18 ਫਰਵਰੀ, 2021 ਨੂੰ ਵਰਚੁਅਲ ਪਲੇਟਫਾਰਮ 'ਤੇ ਇੱਕ ਮੀਟਿੰਗ ਹੋਈ। ਇਹ ਮੁਲਾਕਾਤ ਜੂਨ, 2019 ਵਿੱਚ ਨਵੀਂ ਦਿੱਲੀ ਵਿਖੇ ਦੋਵਾਂ ਦੇਸ਼ਾਂ ਦਰਮਿਆਨ ਵਿਦੇਸ਼ੀ ਦਫ਼ਤਰਾਂ ਦੇ 7ਵੇਂ ਗੇੜ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਹੋਈ। ਦੋਵੇਂ ਮੰਤਰੀਆਂ ਨੇ ਸਮੁੱਚੇ ਦੁਵੱਲੇ ਸਬੰਧਾਂ ਦੇ ਨਾਲ-ਨਾਲ ਆਪਸੀ ਦਿਲਚਸਪੀ ਦੇ ਖੇਤਰੀ ਅਤੇ ਆਲਮੀ ਮੁੱਦਿਆਂ ‘ਤੇ ਵਿਚਾਰ ਵਟਾਂਦਰੇ ਕੀਤੇ।

2. ਮਾਨਯੋਗ ਵਿਦੇਸ਼ ਮੰਤਰੀ ਨੇ ਬ੍ਰੂਨੇਈ ਵੱਲੋਂ ਦੇਸ਼ ਅੰਦਰ ਕੋਰੋਨਾ -19 ਮਹਾਂਮਾਰੀ ਨੂੰ ਕਾਰਗਰ ਢੰਗ ਨਾਲ ਕਾਬੂ ਵਿੱਚ ਰੱਖਣ 'ਤੇ ਇਸਦੀ ਸ਼ਲਾਘਾ ਕੀਤੀ। ਉਨ੍ਹਾਂ ਨੇ 2021 ਲਈ ਆਸੀਆਨ ਦੀ ਪ੍ਰਧਾਨਗੀ ਸੰਭਾਲਣ 'ਤੇ ਵੀ ਬ੍ਰੂਨੇਈ ਨੂੰ ਵਧਾਈ ਦਿੱਤੀ ਅਤੇ ਬ੍ਰੂਨੇਈ ਨੂੰ ਆਸੀਅਨ ਦੀ ਸਫਲ ਪ੍ਰਧਾਨਗੀ ਲਈ ਭਾਰਤ ਵੱਲੋਂ ਪੂਰੀ ਹਿਮਾਇਤ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਬ੍ਰੂਨੇਈਅਨ ਸਰਕਾਰ ਨੂੰ ਇਸਰੋ ਦੇ ਮੌਜੂਦਾ ਟੈਲੀਮੈਟਰੀ, ਟਰੈਕਿੰਗ ਅਤੇ ਕਮਾਂਡ (TTC) ਸਟੇਸ਼ਨ ਨੂੰ ਨਵੇਂ ਥਾਂ ‘ਤੇ ਸ਼ਿਫਟ ਕਰਨ ਨੂੰ ਸੁਖਾਲਾ ਕਰਕੇ ਭਾਰਤ ਦੇ ਪੁਲਾੜ ਪ੍ਰੋਗਰਾਮ ਵਿੱਚ ਸਹਾਇਤਾ ਦੇਣ; ਵੱਖ-ਵੱਖ ਆਲਮੀ ਸੰਸਥਾਵਾਂ ਲਈ ਭਾਰਤ ਦੀ ਉਮੀਦਵਾਰੀ ਅਤੇ ਅੰਤਰਰਾਸ਼ਟਰੀ ਅੱਤਵਾਦ ਦੇ ਵਿਸ਼ੇ 'ਤੇ ਹਿਮਾਇਤ ਦੇਣ ਲਈ ਇਸਦਾ ਧੰਨਵਾਦ ਕੀਤਾ। ਉਨ੍ਹਾਂ ਨੇ COVID -19 ਮਹਾਂਮਾਰੀ ਦੇ ਮੱਦੇਨਜ਼ਰ ਫਲਾਈਟਾਂ ਵਿੱਚ ਅੜਚਨ ਪੈਣ ਕਾਰਨ ਬ੍ਰੂਨੇਈ ਵਿੱਚ ਫਸੇ ਭਾਰਤੀਆਂ ਦੀ ਵਾਪਸੀ ਨੂੰ ਸੁਖਾਲਾ ਬਣਾਉਣ ਵਿੱਚ ਮਦਦ ਦੇਣ ਲਈ ਬ੍ਰੂਨੇਈ ਸਰਕਾਰ ਦਾ

ਧੰਨਵਾਦ ਕੀਤਾ। ਬ੍ਰੂਨੇਈ ਦਾਰੂਸਲਮ ਦੇ ਵਿਦੇਸ਼ ਮੰਤਰੀ -2 ਮਹਾਮਹਿਮ ਸ਼੍ਰੀ ਹਾਜੀ ਇਰੀਵਾਨ ਨੇ ਬ੍ਰੂਨੇਈਅਨ ਨਾਗਰਿਕਾਂ ਦੀ ਵਾਪਸੀ ਵਿੱਚ ਸਹਾਇਤਾ ਕਰਨ ਅਤੇ ਮਨੁੱਖੀ ਸਰੋਤ ਵਿਕਾਸ ਵਿੱਚ ਸ਼ਾਨਦਾਰ ਸਹਿਯੋਗ ਦੇਣ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ।

3. ਦੋਵਾਂ ਮੰਤਰੀਆਂ ਨੇ ਦੁਵੱਲੇ ਸਬੰਧਾਂ ਦੀ ਮੌਜੂਦਾ ਹਾਲਤ 'ਤੇ ਤਸੱਲੀ ਪ੍ਰਗਟਾਈ ਅਤੇ ਦੋਵਾਂ ਧਿਰਾਂ ਦੁਆਰਾ ਪਛਾਣੇ ਗਏ ਖੇਤਰਾਂ ਵਿਚ ਦੁਵੱਲੇ ਸਹਿਯੋਗ ਅਤੇ ਵਪਾਰ ਅਤੇ ਨਿਵੇਸ਼ਾਂ ਨੂੰ ਉਤਸ਼ਾਹਤ ਕਰਨ ਬਾਰੇ ਸਹਿਮਤੀ ਦਿੱਤੀ। ਇਨ੍ਹਾਂ ਵਿੱਚ ਖੇਤੀਬਾੜੀ, ਫੂਡ ਪ੍ਰੋਸੈਸਿੰਗ, ICT, ITS, ਈ-ਗਵਰਨੈਂਸ, S & T, ਸਿੱਖਿਆ, ਆਟੋਮੋਟਿਵਜ਼, ਊਰਜਾ, ਸਿਹਤ ਸੰਭਾਲ ਅਤੇ ਫਾਰਮਾਸਿਉਟਿਕਲਜ਼ਟੀਕਲ, ਨਿਰਮਾਣ, ਕੱਪੜਾ, ਗਹਿਣੇ, ਚਮੜੇ ਦਾ ਸਾਮਾਨ ਅਤੇ ਸੈਰ-ਸਪਾਟਾ ਸ਼ਾਮਲ ਹਨ। ਰੱਖਿਆ ਬਾਰੇ ਦੁਵੱਲੇ ਸਹਿਯੋਗ 'ਤੇ ਵੀ ਵਿਚਾਰ ਵਟਾਂਦਰੇ ਹੋਇਆ। ਦੋਵਾਂ ਮੰਤਰੀਆਂ ਨੇ ਦੁਪੱਖੇ ਤੰਤਰਾਂ ਨੂੰ ਮਜ਼ਬੂਤ ਕਰਨ ਲਈ ਗੱਲਬਾਤ ਅਧੀਨ ਚਲ ਰਹੇ ਵੱਖ-ਵੱਖ ਸਮਝੌਤਿਆਂ ਨੂੰ ਆਖਰੀ ਰੂਪ ਦੇਣ 'ਤੇ ਜ਼ੋਰ ਦੇਣ ਲਈ ਅਤੇ ਦੁਵੱਲੇ ਵਪਾਰ ਨੂੰ ਉਤਸ਼ਾਹਤ ਕਰਨ ਲਈ ਉਪਾਅ ਕਰਨ 'ਤੇ ਸਹਿਮਤੀ ਦਿੱਤੀ।

4. ਬ੍ਰੂਨੇਈ ਦੇ ਸਮਰੱਥਾ ਨਿਰਮਾਣ ਪ੍ਰੋਗਰਾਮ ਲਈ ਭਾਰਤ ਵੱਲੋਂ ਦਿੱਤੀ ਗਈ ਸਹਾਇਤਾ ਦੀ ਪੇਸ਼ਕਸ਼ ਦੀ ਵਰਤੋਂ ਅਤੇ ਇਸ ਸਬੰਧ ਵਿੱਚ ਭਾਰਤ ਦੀ ਬ੍ਰੂਨੇਈ ਪ੍ਰਤੀ ਲਗਾਤਾਰ ਵਚਨਬੱਧਤਾ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਗਏ।

5. ਦੋਵਾਂ ਮੰਤਰੀਆਂ ਨੇ ਜੁੜਾਅ ਦੇ ਸਾਰੇ ਖੇਤਰਾਂ ਵਿਚ ਦੁਵੱਲੇ ਸਹਿਯੋਗ ਨੂੰ ਵਧਾਉਣ, ਇੱਕ ਦੂਜੇ ਦੇ ਕੌਮੀ ਵਿਕਾਸ ਨੂੰ ਹਿਮਾਇਤ ਦੇਣ ਅਤੇ ਸਾਂਝੀਆਂ ਆਲਮੀ ਚੁਣੌਤੀਆਂ ਵਿਰੁੱਧ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਤਸਦੀਕ ਕੀਤੀ।

18 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.